# 11th Round of Foreign Office Consultations between India and South Africa

August 03, 2022

## ਭਾਰਤ ਅਤੇ ਦੱਖਣੀ ਅਫ਼ਰੀਕਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 11ਵਾਂ ਦੌਰ

**3 ਅਗਸਤ, 2022**

1. ਭਾਰਤ ਅਤੇ ਦੱਖਣੀ ਅਫ਼ਰੀਕਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 11ਵਾਂ ਦੌਰ 3 ਅਗਸਤ, 2022 ਨੂੰ ਨਵੀਂ ਦਿੱਲੀ ਵਿੱਚ ਹੋਇਆ। ਇਸ ਸਲਾਹ-ਮਸ਼ਵਰੇ ਦੀ ਸਹਿ-ਪ੍ਰਧਾਨਗੀ ਵਿਦੇਸ਼ ਮੰਤਰਾਲੇ  ਦੇ ਸਾਂਝਾ ਸਕੱਤਰ (ਪੂਰਬ ਅਤੇ ਦੱਖਣੀ ਅਫਰੀਕਾ) ਸ੍ਰੀ ਪੁਨੀਤ ਆਰ. ਕੁੰਡਲ ਅਤੇ ਦੱਖਣੀ ਅਫਰੀਕਾ ਗਣਰਾਜ ਦੇ ਅੰਤਰਰਾਸ਼ਟਰੀ ਸਬੰਧ ਅਤੇ ਸਹਕਿਾਰਤਾ ਵਭਿਾਗ ਅੰਦਰ ਏਸ਼ੀਆ ਅਤੇ ਮੱਧ ਪੂਰਬ ਦੇ ਕਾਰਜਕਾਰੀ ਡਪਿਟੀ ਡਾਇਰੈਕਟਰ-ਜਨਰਲ ਸ੍ਰੀਮਤੀ ਨਤੋਮਬੀਜ਼ੋੜਵਾ ਸੁਤੁਕਾਜ਼ੀ ਲੱਲੀਏ ਨੇ ਕੀਤੀ।

2. ਦੋਵਾਂ ਧਰਿਾਂ ਨੇ ਰਾਜਨੀਤਕਿ ਵਟਾਂਦਰੇ, ਰੱਖਿਆ, ਆਰਥਕਿ ਅਤੇ ਵਪਾਰਕ ਮੁੱਦਿਆਂ, ਕੌਂਸਲਰ ਮਾਮਲਿਆਂ, ਖੇਤੀਬਾੜੀ, ਸਹਿਤ, ਊਰਜਾ ਅਤੇ ਖਣਜਿਾਂ, ਮਨੁੱਖੀ ਸਰੋਤ ਵਕਿਾਸ, ਕਲਾ, ਸੱਭਿਆਚਾਰ, ਖੇਡਾਂ, ਆਯਾਤ ਅਤੇ ਦੱਖਣੀ ਅਫ਼ਰੀਕਾ ਤੋਂ ਭਾਰਤ ਅੰਦਰ ਚੀਤਾ ਲਿਆਉਣ ਸਮੇਤ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ। ਦੋਵਾਂ ਧਰਿਾਂ ਨੇ ਗੱਲਬਾਤ ਅਧੀਨ ਸਮਝੌਤਿਆਂ ਦੀ ਸਥਤਿੀ ਦੀ ਵੀ ਸਮੀਖਿਆ ਕੀਤੀ ਅਤੇ ਆਪਸੀ ਲਾਹੇ ਲਈ ਇਨ੍ਹਾਂ ਨੂੰ ਅੰਤਮਿ ਰੂਪ ਦੇਣ ਵੱਿਚ ਤੇਜ਼ੀ ਲਿਆਉਣ ਉੱਤੇ ਸਹਮਿਤੀ ਪ੍ਰਗਟਾਈ। ਦੋਵਾਂ ਦੇਸ਼ਾਂ ਦੇ ਸਬੰਧਾਂ ਦੇ 30 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਇਸ ਮੌਕੇ ਨੂੰ ਭਾਰਤ ਅਤੇ ਦੱਖਣੀ ਅਫ਼ਰੀਕਾ ਅੰਦਰ ਸੱਭਿਆਚਾਰਕ ਅਤੇ ਖੇਡ ਸਮਾਗਮਾਂ ਅਤੇ ਹੋਰ ਗਤੀਵਧਿੀਆਂ ਰਾਹੀ ਢੁਕਵੇਂ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ।

3. ਦੋਵਾਂ ਧਰਿਾਂ ਨੇ ਦੁਵੱਲੇ ਵਪਾਰ ਵਚਿ, ਜੋ 2021-22 ਵੱਿਚ 17 ਅਰਬ ਡਾਲਰ ਦਾ ਅੰਕੜਾ ਛੂਹ ਗਿਆ, ਹੋਏ ਵਾਧੇ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਆਪਣੇ ਵਪਾਰ ਨੂੰ ਹੋਰ ਵੰਨ ਸਵੰਨਤਾ ਪ੍ਰਦਾਨ ਕਰਨ ਦੇ ਮਹੱਤਵ 'ਤੇ ਸਹਮਿਤੀ ਦੱਿਤੀ।

4. ਦੋਵਾਂ ਧਰਿਾਂ ਨੇ ਸੰਯੁਕਤ ਰਾਸ਼ਟਰ, ਬ੍ਰਕਿਸ, IBSA  ਅਤੇ IORA ਵੱਿਚ ਸਹਯੋਗ ਸਮੇਤ ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਵੀ ਵਚਿਾਰ ਵਟਾਂਦਰਾ ਕੀਤਾ। ਦੱਖਣੀ ਅਫ਼ਰੀਕਨ ਪੱਖ ਨੇ ਭਾਰਤ ਦੀ ਆਉਣ ਵਾਲੀ ਜੀ-20 ਦੀ ਪ੍ਰਧਾਨਗੀ ਪ੍ਰਤੀ ਹਮਾਇਤ ਦਾ ਭਰੋਸਾ ਦੱਿਤਾ ਜਦੋਂ ਕਿ ਭਾਰਤੀ ਪੱਖ ਨੇ 2023 ਵੱਿਚ ਦੱਖਣੀ ਅਫ਼ਰੀਕਾ ਦੀ ਬ੍ਰਕਿਸ ਦੀ ਪ੍ਰਧਾਨਗੀ  ਲਈ ਆਪਣੀ ਹਮਾਇਤ ਪ੍ਰਗਟਾਈ। ਦੋਵਾਂ ਧਰਿਾਂ ਨੇ ਖੇਤਰੀ ਮੁੱਦਿਆਂ, ਆਲਮੀ ਘਟਨਾਕ੍ਰਮ ਅਤੇ ਯੂਕਰੇਨ ਦੀ ਸਥਤਿੀ ਸਮੇਤ ਸਾਂਝੇ ਹੱਿਤਾਂ ਦੇ ਮੁੱਦਿਆਂ 'ਤੇ ਵੀ ਚਰਚਾ ਕੀਤੀ।

5. ਦੋਵੇਂ ਧਰਿਾਂ ਨੇ ਦੁਵੱਲੇ ਸਬੰਧਾਂ ਦੀ ਰਫਤਾਰ ਨੂੰ ਬਣਾਈ ਰੱਖਣ ਲਈ ਸਾਂਝਾ ਕਮਸ਼ਿਨ ਅਤੇ ਵੱਖ-ਵੱਖ ਸੰਯੁਕਤ ਕਾਰਜ ਸਮੂਹਾਂ ਵਰਗੀਆਂ ਸੰਸਥਾਗਤ ਤੰਤਰਾਂ ਦੇ ਉੱਚ ਪੱਧਰੀ ਵਟਾਂਦਰੇ  ਅਤੇ ਨਯਿਮਤ ਮੀਟਗਿਾਂ ਨੂੰ ਜਾਰੀ ਰੱਖਣ ਉੱਤੇ ਸਹਮਿਤੀ ਦੱਿਤੀ। ਭਾਰਤੀ ਪੱਖ ਨੇ ਦੱਖਣੀ ਅਫ਼ਰੀਕਾ ਨੂੰ ਇੰਟਰਨੈਸ਼ਨਲ ਸੋਲਰ ਅਲਾਇੰਸ ਅਤੇ ਕੋਲੀਸ਼ਨ ਫਾਰ ਡਜ਼ਿਾਸਟਰ ਰੈਜ਼ੀਲੈਂਟ ਇਨਫਰਾਸਟਰੱਕਚਰ ਵੱਿਚ ਸ਼ਾਮਲ ਹੋਣ ਦਾ ਸੱਦਾ ਵੀ ਦੁਹਰਾਇਆ।

6. ਗੱਲਬਾਤ ਦੋਸਤਾਨਾ ਅਤੇ ਸਦਭਾਵਨਾ ਵਾਲੇ ਮਾਹੌਲ ਵੱਿਚ ਹੋਈ। ਦੋਵੇਂ ਧਰਿਾਂ ਨੇ ਪ੍ਰੀਟੋਰੀਆ ਵੱਿਚ ਆਪਸੀ ਸਹੂਲਤ ਅਨੁਸਾਰ ਸਲਾਹ-ਮਸ਼ਵਰੇ ਦਾ ਅਗਲੇ ਗੇੜ ਕਰਾਉਣ ਉੱਤੇ ਸਹਮਿਤੀ ਦੱਿਤੀ।

ਨਵੀਂ ਦਿੱਲੀ

3 ਅਗਸਤ, 2022

DISCLAIMER: This is an approximate translation. The original is available in English on MEA's website and may be referred to as the official press release.